## ਨਾਨਕ ਸਿੰਘ ਨਾਵਲਕਾਰ

ਨਾਨਕ ਸਿੰਘ ਪੰਜਾਬੀ ਦਾ ਪ੍ਰਸਿੱਧ ਨਾਵਲਕਾਰ ਹੋਇਆ ਹੈ । ਉਹ ਪੰਜਾਬੀ ਵਿੱਚ ਸਭ ਤੋਂ ਵੱਧ ਨਾਵਲ ਲਿਖਣ ਵਾਲ਼ਾ ਅਤੇ ਸਭ ਤੋਂ ਵੱਧ ਪੜ੍ਹਿਆ ਜਾਣ ਵਾਲ਼ਾ ਨਾਵਲਕਾਰ ਹੈ । ਉਸ ਦੇ ਨਾਵਲਾਂ ਬਾਰੇ ਆਮ ਪਾਠਕਾਂ ਦਾ ਪ੍ਰਭਾਵ ਹੈ ਕਿ ਉਹ ਇੱਕ ਵਾਰੀ ਪੜ੍ਹਨੇ ਸ਼ੁਰੂ ਕੀਤੇ ਜਾਣ ਤਾਂ ਮੁੱਕਣ ਤੱਕ ਛੱਡਣ ਨੂੰ ਮਨ ਨਹੀਂ ਕਰਦਾ । ਨਾਨਕ ਸਿੰਘ ਪੰਜਾਬੀ ਦਾ ਹਰਮਨ-ਪਿਆਰਾ ਲੇਖਕ ਹੋਇਆ ਹੈ ।

ਨਾਨਕ ਸਿੰਘ ਦਾ ਜਨਮ ਮਾਤਾ ਲੱਛਮੀ ਦੀ ਕੁੱਖੋਂ 5 ਜੁਲਾਈ, 1897 ਈਃ ਨੂੰ ਪਿੰਡ ਚੱਕ ਹਮੀਦ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਵਿੱਚ ਹੋਇਆ । ਉਸ ਦੇ ਪਿਤਾ ਦਾ ਨਾਂ ਸ੍ਰੀ ਬਹਾਦਰ ਚੰਦ ਸੂਰੀ ਸੀ ਜੋਕਿ ਇੱਕ ਵਪਾਰੀ ਸਨ । ਬਚਪਨ ਵਿੱਚ ਨਾਨਕ ਸਿੰਘ ਦਾ ਨਾਂ ਹੰਸ ਰਾਜ ਸੀ । ਉਸ ਨੇ ਪਿੰਡ ਦੇ ਸਕੂਲ ਤੋਂ ਪੰਜਵੀਂ ਪਾਸ ਕੀਤੀ । ਜਦੋਂ ਉਹ ਛੇਵੀਂ ਵਿੱਚ ਪੜ੍ਹਦਾ ਸੀ ਤਾਂ ਉਸ ਦੇ ਪਿਤਾ ਜੀ ਦੀ ਮੌਤ ਹੋ ਗਈ । ਇਸ ਲਈ ਉਸ ਨੂੰ ਪੜ੍ਹਾਈ ਵਿਚਾਲ਼ੇ ਛੱਡ ਕੇ ਰੋਜ਼ੀ ਕਮਾਉਣ ਲਈ ਕਿਰਤ ਕਰਨੀ ਪਈ । ਉਸ ਨੇ ਹਲਵਾਈ ਦੀ ਦੁਕਾਨ ਉੱਤੇ ਭਾਂਡੇ ਮਾਂਜੇ ਅਤੇ ਮੇਲਿਆਂ ਵਿੱਚ ਜਾ ਕੇ ਕੁਲਫ਼ੀਆਂ ਤੱਕ ਵੇਚੀਆਂ ।

ਤੇਰਾਂ ਸਾਲਾਂ ਦੀ ਉਮਰ ਵਿੱਚ ਉਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ । 1911 ਈ. ਵਿੱਚ ਜਦੋਂ ਉਹ ਚੌਦਾਂ ਸਾਲਾਂ ਦਾ ਸੀ, ਉਸ ਦਾ ਪਹਿਲਾ ਕਾਵਿ-ਸੰਗ੍ਰਹਿ, 'ਸੀਹਰਫ਼ੀ ਹੰਸਰਾਜ' ਛਪਿਆ ਜੋ ਬਹੁਤ ਸਲਾਹਿਆ ਗਿਆ । ਇਸ ਤੋਂ ਬਾਅਦ ਉਸ ਨੇ ਧਾਰਮਿਕ ਗੀਤ ਲਿਖੇ ਜੋ 'ਸਤਿਗੁਰ ਮਹਿਮਾ' ਨਾਂ ਹੇਠ ਛਪੇ । ਇਹ ਗੀਤ ਵੀ ਉਸ ਸਮੇਂ ਬਹੁਤ ਹਰਮਨ-ਪਿਆਰੇ ਹੋਏ । 1922 ਈ. ਵਿੱਚ ਉਹ 'ਗੁਰੂ ਕੇ ਬਾਗ਼' ਦੇ ਮੋਰਚੇ ਸਮੇਂ ਜੇਲ੍ਹ ਗਿਆ । ਉੱਥੇ ਉਸ ਨੇ ਪ੍ਰੇਮ ਚੰਦ ਦੇ ਨਾਵਲ ਪੜ੍ਹੇ ਜਿਨ੍ਹਾਂ ਤੋਂ ਉਸ ਨੂੰ ਨਾਵਲ ਲਿਖਣ ਦੀ ਪ੍ਰੇਰਨਾ ਮਿਲੀ । ਇੱਥੇ ਹੀ ਉਸ ਨੇ ਆਪਣਾ ਪਹਿਲਾ ਨਾਵਲ 'ਅੱਧ ਖਿੜੀ ਕਲੀ' ਲਿਖਿਆ ਜੋ ਪਿੱਛੋਂ 'ਅੱਧ ਖਿੜਿਆ ਫੁੱਲ' ਨਾਂ ਹੇਠ ਛਪਿਆ ।

1924 ਈ. ਵਿੱਚ ਉਸ ਦਾ ਵਿਆਹ ਰਾਜ ਕੌਰ ਨਾਲ਼ ਹੋ ਗਿਆ । ਇਸ ਅਰਸੇ ਵਿੱਚ ਉਸਨੇ 'ਮਤਰੇਈ ਮਾਂ', 'ਕਾਲ ਚੱਕਰ', 'ਪ੍ਰੇਮ ਸੰਗੀਤ' ਆਦਿ ਨਾਵਲ ਲਿਖੇ । 1931 ਈ. ਦੇ ਨੇੜੇ ਨਾਨਕ ਸਿੰਘ ਨੇ 'ਚਿੱਟਾ ਲਹੂ' ਲਿਖਿਆ । ਇਸ ਨਾਵਲ ਨਾਲ਼ ਉਹ ਨਾਵਲਕਾਰ ਦੇ ਤੌਰ 'ਤੇ ਪ੍ਰਸਿੱਧ ਹੋ ਗਿਆ ।

ਕੁਝ ਵਰ੍ਹੇ ਪਿੱਛੋਂ ਨਾਨਕ ਸਿੰਘ ਦਾ ਸੰਪਰਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਾਲ਼ ਬਣਿਆ । ਉਹ ਗੁਰਬਖ਼ਸ਼ ਸਿੰਘ ਦੇ 'ਸੰਸਾਰ ਪ੍ਰੀਤ ਮੰਡਲ' ਦਾ ਮੈਂਬਰ ਬਣ ਕੇ ਪ੍ਰੀਤਨਗਰ ਰਹਿਣ ਲੱਗਾ। ਉੱਥੇ ਉਸ ਨੇ 'ਐਕਟਿਵਿਟੀ ਸਕੂਲ' ਵਿੱਚ ਕੁਝ ਸਮਾਂ ਅਧਿਆਪਕ ਦੇ ਤੌਰ 'ਤੇ ਕੰਮ ਵੀ ਕੀਤਾ । ਉਹ ਗੁਰਬਖ਼ਸ਼ ਸਿੰਘ ਦੇ ਪ੍ਰੀਤ-ਫ਼ਲਸਫ਼ੇ ਤੋਂ ਪ੍ਰਭਾਵਿਤ ਹੋਇਆ । ਇਸ ਦੌਰਾਨ ਉਸ ਨੇ 'ਗ਼ਰੀਬ ਦੀ ਦੁਨੀਆ', 'ਪਿਆਰ ਦੀ ਦੁਨੀਆ' ਅਤੇ 'ਜੀਵਨ ਸੰਗਰਾਮ' ਨਾਵਲ ਲਿਖੇ ।

ਦੇਸ-ਵੰਡ ਸਮੇਂ ਨਾਨਕ ਸਿੰਘ ਅੰਮ੍ਰਿਤਸਰ ਰਹਿ ਰਿਹਾ ਸੀ । ਉਸ ਨੇ ਫ਼ਿਰਕੂ ਫ਼ਸਾਦਾਂ ਦੇ ਭਿਆਨਕ ਦ੍ਰਿਸ਼ਾਂ ਨੂੰ ਅੱਖੀਂ ਡਿੱਠਾ । ਅਜਿਹੇ ਦ੍ਰਿਸ਼ ਤੱਕ ਕੇ ਉਹ ਹਲੂਣਿਆ ਗਿਆ ਅਤੇ ਉਸ ਦੇ ਮਨ ਉੱਤੇ ਇਹਨਾਂ ਦੇ ਅਮਿੱਟ ਪ੍ਰਭਾਵ ਪਏ । ਇਹਨਾਂ ਪ੍ਰਭਾਵਾਂ ਨੂੰ ਉਸ ਨੇ ਆਪਣੇ ਨਾਵਲਾਂ 'ਖ਼ੂਨ ਦੇ ਸੋਹਿਲੇ', 'ਅੱਗ ਦੀ ਖੇਡ', 'ਮੰਝਧਾਰ' ਅਤੇ 'ਚਿੱਤਰਕਾਰ' ਵਿੱਚ ਉਲੀਕਿਆ ।

1971 ਈ. ਤੱਕ, ਆਪਣੇ ਅੰਤਲੇ ਵਰ੍ਹੇ ਉਸ ਨੇ ਪ੍ਰੀਤਨਗਰ ਵਿੱਚ ਹੀ ਬਿਤਾਏ । ਉਸ ਦੇ ਕੁਝ ਹੋਰ ਪ੍ਰਸਿੱਧ ਨਾਵਲ ਹਨ; 'ਪਵਿੱਤਰ ਪਾਪੀ', 'ਆਦਮ ਖ਼ੋਰ', 'ਸੰਗਮ', 'ਪੁਜਾਰੀ', 'ਟੁੱਟੀ ਵੀਣਾ', 'ਗੰਗਾ ਜਲੀ ਵਿੱਚ ਸ਼ਰਾਬ', 'ਇੱਕ ਮਿਆਨ ਦੋ ਤਲਵਾਰਾਂ', 'ਕੋਈ ਹਰਿਆ ਬੂਟ ਰਹਿਓ ਰੀ', 'ਗਗਨ ਦਮਾਮਾ ਬਾਜਿਓ' । ਉਸ ਦੇ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਨੂੰ ਸਾਹਿਤ ਅਕਾਡਮੀ ਵੱਲੋਂ ਇਨਾਮ ਮਿਲ਼ਿਆ ਹੈ । ਉਸ ਦੇ ਨਾਵਲ 'ਪਵਿੱਤਰ ਪਾਪੀ' ਉੱਤੇ ਇਸੇ ਨਾਂ ਦੀ ਫ਼ਿਲਮ ਵੀ ਬਣ ਚੁੱਕੀ ਹੈ ।

ਨਾਨਕ ਸਿੰਘ ਨੇ ਨਾਵਲਾਂ ਤੋਂ ਬਿਨਾਂ ਕਹਾਣੀਆਂ ਵੀ ਲਿਖੀਆਂ ਹਨ । ਉਸ ਦੇ ਨਾਵਲਾਂ ਵਾਂਗ ਇਹ ਵੀ ਬਹੁਤ ਰੋਚਕ ਹਨ । ਨਾਨਕ ਸਿੰਘ ਨੇ ਕੁਝ ਸਮਾਂ 'ਲੋਕ ਸਾਹਿਤ' ਨਾਂ ਦਾ ਮਾਸਿਕ ਪੱਤਰ ਵੀ ਸੰਪਾਦਿਤ ਅਤੇ ਪ੍ਰਕਾਸ਼ਿਤ ਕੀਤਾ ।

ਨਾਨਕ ਸਿੰਘ ਨੇ ਆਪਣੀਆਂ ਰਚਨਾਵਾਂ ਵਿੱਚ ਆਪਣੇ ਸਮੇਂ ਦੇ ਸਮਾਜ ਦੀਆਂ ਲਗ-ਪਗ ਸਾਰੀਆਂ ਸਮੱਸਿਆਵਾਂ ਨੂੰ ਛੂਹਿਆ । ਉਸ ਨੇ ਊਚ-ਨੀਚ, ਜਾਤ-ਪਾਤ, ਫ਼ਿਰਕਾਪ੍ਰਸਤੀ ਅਤੇ ਮਨੁੱਖਾਂ ਵਿਚਕਾਰ ਹਰ ਪ੍ਰਕਾਰ ਦੇ ਵਿਤਕਰੇ ਦੀ ਨਿਖੇਧੀ ਕੀਤੀ । ਉਹ ਗ਼ਰੀਬਾਂ, ਮਜ਼ਲੂਮਾਂ ਅਤੇ ਵਿਸ਼ੇਸ਼ ਕਰਕੇ ਇਸਤਰੀਆਂ ਦੇ ਦੁੱਖ-ਦਰਦ ਨੂੰ ਬਿਆਨ ਕਰਦਾ ਸੀ । ਮੁੱਖ ਤੌਰ 'ਤੇ ਉਹ ਮਾਨਵਵਾਦੀ ਅਤੇ ਸੁਧਾਰਵਾਦੀ ਲੇਖਕ ਸੀ ।

ਨਾਨਕ ਸਿੰਘ ਦੀ ਸ਼ਖ਼ਸੀਅਤ ਉਸ ਦੀਆਂ ਲਿਖਤਾਂ ਵਿੱਚ ਅਤੇ ਉਸ ਦੇ ਸਿਰਜੇ ਪਾਤਰਾਂ ਵਿੱਚ ਝਲਕਦੀ ਹੈ । ਆਪਣੇ ਨਿੱਜੀ ਜੀਵਨ ਵਿੱਚ ਉਹ ਸ਼ਾਂਤ ਸੁਭਾਅ ਅਤੇ ਸਾਦਾ ਆਦਤਾਂ ਵਾਲ਼ਾ ਮਨੁੱਖ ਸੀ । ਉਹ ਸੰਕਟਾਂ ਅਤੇ ਮੁਸੀਬਤਾਂ ਵਿੱਚ ਵੀ ਚੜ੍ਹਦੀ ਕਲਾ ਵਿੱਚ ਰਹਿੰਦਾ ਸੀ । ਉਹ ਬੜਾ ਮਿਹਨਤੀ ਮਨੁੱਖ ਸੀ । ਭਾਵੇਂ ਉਸ ਦੀ ਸਕੂਲੀ ਵਿੱਦਿਆ ਬੜੀ ਨਿਗੂਣੀ ਸੀ ਪਰ ਸ੍ਵੈ-ਅਧਿਐਨ ਸਦਕਾ ਉਹ ਇੱਕ ਪ੍ਰੌੜ੍ਹ ਸਾਹਿਤਕਾਰ ਬਣ ਗਿਆ ।

ਨਾਨਕ ਸਿੰਘ ਲਗਨ ਅਤੇ ਸਿਰੜ ਵਾਲ਼ਾ ਸਾਹਿਤਕਾਰ ਸੀ । ਉਸ ਨੇ ਆਪਣੇ ਆਖ਼ਰੀ ਸਮੇਂ ਤੱਕ ਸਾਹਿਤ-ਰਚਨਾ ਕਰਕੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ । ਪੰਜਾਬੀ ਬੋਲੀ ਨੂੰ ਆਪਣੇ ਅਜਿਹੇ ਸਪੂਤਾਂ 'ਤੇ ਹਮੇਸ਼ਾਂ ਮਾਣ ਰਹੇਗਾ ।

## ਦਿਵਾਲ਼ੀ

ਦਿਵਾਲ਼ੀ ਸ਼ਬਦ 'ਦੀਪਾਵਲੀ' ਤੋਂ ਬਣਿਆ ਹੈ । 'ਦੀਪਾਵਲੀ' ਦਾ ਅਰਥ ਹੈ, ਦੀਵਿਆਂ ਦੀ ਕਤਾਰ । ਕੱਤਕ ਦੀ ਮੱਸਿਆ ਦੀ ਘੁੱਪ ਹਨੇਰੀ ਰਾਤ ਨੂੰ ਅਣਗਿਣਤ ਦੀਵੇ ਜਗਾ ਕੇ ਰੋਸ਼ਨੀ ਕੀਤੀ ਜਾਂਦੀ ਹੈ, ਇਸ ਲਈ ਇਹ ਰੋਸ਼ਨੀ ਦਾ ਤਿਉਹਾਰ ਹੈ ।

ਦਸਹਿਰੇ ਤੋਂ ਉੱਨੀ ਦਿਨ ਪਿੱਛੋਂ ਦਿਵਾਲ਼ੀ ਮਨਾਈ ਜਾਂਦੀ ਹੈ । ਤਦ ਤੱਕ ਸਰਦੀ ਦੀ ਰੁੱਤ ਸ਼ੁਰੂ ਹੋ ਜਾਂਦੀ ਹੈ । ਸਾਉਣੀ ਦੀ ਫ਼ਸਲ ਵੀ ਘਰ ਆ ਜਾਂਦੀ ਹੈ । ਇਹ ਸਾਰੇ ਕਿਸਾਨਾਂ ਲਈ ਖ਼ੁਸ਼ੀ ਦਾ ਮੌਕਾ ਹੁੰਦਾ ਹੈ ।

ਇਸ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲ ਦਾ ਬਣਬਾਸ ਕੱਟ ਕੇ ਵਾਪਸ ਅਯੁੱਧਿਆ ਪਰਤੇ ਸਨ । ਲੋਕਾਂ ਨੇ ਉਹਨਾਂ ਦੇ ਸੁਆਗਤ ਵਿੱਚ ਦੀਪ-ਮਾਲ਼ਾ